# ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ

## ਦਫਤਰ:ਉਪ ਮੁੱਖ ਇੰਜੀਨੀਅਰ/ਇੰਨਕੁਆਰੀ ਏ-2, ਸ਼ਕਤੀ ਵਿਹਾਰ,ਪਟਿਆਲਾ।

ਦਫਤਰੀ ਹੁਕਮ ਨੰਬਰ/- **26** ਡੀ.ਐਸ.ਆਈ/ਡੀ-155/160 ਮਿਤੀ:- **20.05.2013**

ਜਿਵੇਂ ਕਿ ਸ੍ਰੀ ਰਾਮ ਲਾਲ ਚਾਵਲਾ ਸੁਪਰਡੈਂਟ ਗ੍ਰੇਡ-1 ਹੁਣ ਅਧੀਨ ਸਕੱਤਰ ਰਿਟਾਇਰਡ (ਕੋਡ ਨੰਬਰ 108090) ਜਦੋਂ ਉਹ ਗਜਟਿਡ ਭਾਗ-1, ਪੀ.ਐਸ.ਪੀ.ਸੀ.ਐਲ. ਪਟਿਆਲਾ ਦੇ ਦਫਤਰ ਵਿਖੇ ਬਤੌਰ ਸੁਪਰਡੈਂਟ ਗ੍ਰੇਡ-1 ਤੈਨਾਤ ਸੀ ਤਾਂ ਉਸ ਵੱਲੋਂ ਆਪਣੀ ਡਿਊਟੀ ਨਿਭਾਉਣ ਸਮੇਂ ਕੀਤੀਆਂ ਅਣਗਹਿਲੀਆਂ/ਕੁਤਾਹੀਆਂ ਕਾਰਨ ਉਸ ਨੂੰ ਦੋਸ ਸੂਚੀ ਨੰਬਰ 09 ਮਿਤੀ 02.07.2012 ਉਸ ਵਿੱਚ ਦਰਸਾਏ ਗਏ ਦੋਸ਼ਾਂ ਲਈ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੀ ਗਈ।

ਜਿਵੇਂ ਕਿ ਸ੍ਰੀ ਰਾਮ ਲਾਲ ਚਾਵਲਾ ਸੁਪਰਡੈਂਟ ਗ੍ਰੇਡ-1 ਹੁਣ ਅਧੀਨ ਸਕੱਤਰ ਰਿਟਾਇਰਡ (ਕੋਡ ਨੰਬਰ 108090)ਵੱਲੋਂ ਉਸ ਨੂੰ ਜਾਰੀ ਦੋਸ ਸੂਚੀ ਦਾ ਦਿੱਤਾ ਗਿਆ ਜਵਾਬ ਅਤੇ ਉਸ ਵੱਲੋ ਦਿੱਤੇ ਜਵਾਬ ਉਪਰ ਸਬੰਧਿਤ ਉਚ-ਅਧਿਕਾਰੀਆਂ ਦੀਆਂ ਟਿੱਪਣੀਆਂ ਪ੍ਰਾਪਤ ਹੋਣ ਉਪਰੰਤ ਕੇਸ ਸਮਰੱਥ ਅਧਿਕਾਰੀ ਸੀ.ਐਮ.ਡੀ. ਪੀ.ਐਸ.ਪੀ.ਸੀ.ਐਲ.,ਪਟਿਆਲਾ ਜੀ ਨੂੰ ਫੈਸਲੇ ਲਈ ਪੇਸ਼ ਕੀਤਾ ਗਿਆ ਅਤੇ ਸਮਰੱਥ ਅਧਿਕਾਰੀ ਜੀ ਵੱਲੋਂ ਇਸ ਕੇਸ ਦੀ ਵਿਭਾਗੀ ਪੜਤਾਲ ਕਰਵਾਉਣ ਦੇ ਆਦੇਸ਼ ਦਿੱਤੇ ਗਏ।

ਜਿਵੇਂ ਕਿ ਸਮਰੱਥ ਅਧਿਕਾਰੀ ਜੀ ਵੱਲੋਂ ਦਿੱਤੀ ਪ੍ਰਵਾਨਗੀ ਅਨੁਸਾਰ ਉਪ ਸਕੱਤਰ/ਇੰਨਕੁਆਰੀ ਪੀ.ਐਸ.ਪੀ.ਸੀ.ਐਲ. ਪਟਿਆਲਾ ਦੇ ਦਫਤਰੀ ਹੁਕਮ ਨੰਬਰ 27/ਡੀ.ਐਸ.ਆਈ.-155/160 ਮਿਤੀ 20.12.2012 ਰਾਹੀਂ ਦੋਸ ਸੂਚੀ ਵਿੱਚ ਲਗਾਏ ਗਏ ਦੋਸ਼ਾਂ ਦੀ ਵਿਭਾਗੀ ਪੜਤਾਲ ਕਰਨ ਲਈ ਇੰਜੀ: ਬੀ.ਐਸ. ਅਰੋੜਾ ਨਿਗਰਾਨ ਇੰਜੀਨੀਅਰ ਪਲੈਨਿੰਗ ਪੀ.ਐਸ.ਪੀ.ਸੀ.ਐਲ. ਪਟਿਆਲਾ ਨੂੰ ਪੜਤਾਲ ਅਫਸਰ ਅਤੇ ਇੰਜੀ: ਰਾਜੇਸ ਗੁਪਤਾ ਏ.ਈ.ਈ. ਨੂੰ ਪੇਸਕਸ ਅਫਸਰ ਨਿਯੁਕਤ ਕੀਤਾ ਗਿਆ।

ਜਿਵੇਂ ਕਿ ਨਿਗਰਾਨ ਇੰਜੀਨੀਅਰ ਪਲੈਨਿੰਗ ਕਮ ਪੜਤਾਲ ਅਫਸਰ, ਪੀ.ਐਸ.ਪੀ.ਸੀ.ਐਲ, ਪਟਿਆਲਾ ਦੇ ਦਫਤਰ ਵੱਲੋਂ ਮੀਮੋ ਨੰਬਰ ਗਸ-11/ਨਿਗ:ਇੰਜੀ: ਪਨੈਲਿੰਗ-3 ਮਿਤੀ 06.03.2013 ਅਨੁਸਾਰ ਕੇਸ ਦੀ ਪੜਤਾਲ ਕਰਕੇ ਪੜਤਾਲ ਰਿਪੋਰਟ ਇਸ ਦਫਤਰ ਨੂੰ ਭੇਜੀ ਗਈ ਅਤੇ ਇਹ ਪੜਤਾਲ ਰਿਪੋਰਟ ਇਸ ਦਫਤਰ ਦੇ ਮੀਮੋ ਨੰਬਰ 275 ਮਿਤੀ 07.03.2013 ਅਨੁਸਾਰ ਰੀਬਟਲ ਲਈ ਅਧਿਕਾਰੀ ਨੂੰ ਰਜਿਸਟਰਡ ਡਾਕ ਰਾਹੀਂ ਭੇਜੀ ਗਈ ਜੋ ਕਿ ਅਣਵੰਡੀ ਇਸ ਦਫਤਰ ਵਿਖੇ ਵਾਪਿਸ ਆ ਗਈ ,ਫਿਰ ਇਸ ਦਫਤਰ ਦੇ ਮੀਮੋ ਨੰਬਰ 293 ਮਿਤੀ 20.03.2013 ਅਨੁਸਾਰ ਅਧਿਕਾਰੀ ਦੇ ਘਰ ਦਸਤੀ ਭੇਜੀ ਗਈ ਅਤੇ ਅਧਿਕਾਰੀ ਦਾ ਰੀਬਟਲ ਮਿਤੀ 26.04.2013 ਨੂੰ ਇਸ ਦਫਤਰ ਵਿਖੇ ਪ੍ਰਾਪਤ ਹੋ ਗਿਆ।

ਜਿਵੇ ਕਿ ਸ੍ਰੀ ਰਾਮ ਲਾਲ ਚਾਵਲਾ ਸੁਪਰਡੈਂਟ ਗ੍ਰੇਡ-1 ਹੁਣ ਅਧੀਨ ਸਕੱਤਰ ਰਿਟਾਇਰਡ (ਕੋਡ ਨੰਬਰ 108090) ਵੱਲੋਂ ਉਸ ਨੂੰ ਜਾਰੀ ਦੋਸ ਸੂਚੀ ਦਾ ਦਿੱਤਾ ਗਿਆ ਜਵਾਬ, ਉਚ-ਅਧਿਕਾਰੀਆਂ ਦੀਆਂ ਟਿੱਪਣੀਆਂ, ਇੰਨਕੁਆਰੀ ਅਫਸਰ ਦੀ ਪੜਤਾਲ ਰਿਪੋਰਟ ਅਤੇ ਕੇਸ ਦੇ ਸਾਰੇ ਤੱਥਾਂ ਨੂੰ ਵਿਚਾਰਨ ਉਪਰੰਤ ਸੀ.ਐਮ.ਡੀ.,ਪੀ.ਐਸ.ਪੀ.ਸੀ.ਐਲ., ਪਟਿਆਲਾ ਜੀ ਵੱਲੋਂ ਸ੍ਰੀ ਰਾਮ ਲਾਲ ਚਾਵਲਾ ਸੁਪਰਡੈਂਟ ਗ੍ਰੇਡ-1 ਹੁਣ ਅਧੀਨ ਸਕੱਤਰ ਰਿਟਾਇਰਡ (ਕੋਡ ਨੰਬਰ 108090) ਨੂੰ ਦੋਸ਼ ਸੂਚੀ ਵਿੱਚ ਲਗਾਏ ਦੋਸ਼ਾਂ ਲਈ ਜ਼ਿੰਮੇਵਾਰ ਠਹਿਰਾਉਂਦੇ ਹੋਏ ਉਸ ਦੀ ਪੈਨਸ਼ਨ ਵਿੱਚੋ 10% ਕੱਟ ਪ੍ਰਤੀ ਮਹੀਨੇ ਦੀ ਦਰ ਨਾਲ 2 ਸਾਲ ਦੇ ਸਮੇਂ ਲਈ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ।

ਇਸ ਲਈ ਇਸ ਦਫਤਰੀ ਹੁਕਮ ਰਾਹੀ ਸਮਰੱਥ ਅਧਿਕਾਰੀ ਜੀ ਵੱਲੋਂ ਦਿੱਤੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਰਾਮ ਲਾਲ ਚਾਵਲਾ ਸੁਪਰਡੈਂਟ ਗ੍ਰੇਡ-1 ਹੁਣ ਅਧੀਨ ਸਕੱਤਰ ਰਿਟਾਇਰਡ (ਕੋਡ ਨੰਬਰ 108090)ਦੀ ਪੈਨਸ਼ਨ ਵਿੱਚੋਂ 10% ਕੱਟ ਪ੍ਰਤੀ ਮਹੀਨੇ ਦੀ ਦਰ ਨਾਲ 2 ਸਾਲਾਂ ਲਈ ਲਗਾਉਣ ਦੇ ਹੁਕਮ ਜਾਰੀ ਕੀਤੇ ਜਾਂਦੇ ਹਨ।

ਇਹ ਸਮਰੱਥ ਅਧਿਕਾਰੀ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਉਪ ਮੁੱਖ ਇੰਜੀਨੀਅਰ/ਇੰਨਕੁਆਰੀ,
ਪੀ.ਐਸ.ਪੀ.ਸੀ.ਐਲ, ਪਟਿਆਲਾ।

ਪਿੱਠ ਅੰਕਣ ਨੰਬਰ/- **452/460** ਡੀ.ਐਸ.ਆਈ/ਡੀ-155/160 **20.05.2013**

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1) ਸੀਨੀਅਰ ਪੀ.ਐਸ.ਟੂ ਸੀ.ਐਮ.ਡੀ., ਪੀ.ਐਸ.ਪੀ.ਸੀ.ਐਲ., ਪਟਿਆਲਾ।
2) ਸੀਨੀਅਰ ਪੀ.ਐਸ. ਟੂ ਡਾਇਰੈਕਟਰ ਜਨਰੇਸ਼ਨ, ਪੀ.ਐਸ.ਪੀ.ਸੀ.ਐਲ., ਪਟਿਆਲਾ।
3) ਪੀ.ਐਸ. ਟੂ ਪ੍ਰਮੁੱਖ ਇੰਜੀਨੀਅਰ, ਐਚ.ਆਰ.ਡੀ., ਪੀ.ਐਸ.ਪੀ.ਸੀ.ਐਲ., ਪਟਿਆਲਾ।
4) ਉਪ ਮੁੱਖ ਇੰਜੀਨੀਅਰ/ਆਈ.ਟੀ., ਪੀ.ਐਸ.ਪੀ.ਸੀ.ਐਲ. ਪਟਿਆਲਾ ਨੂੰ ਭੇਜ ਕੇ ਲਿਖਿਆ ਜ਼ਾਦਾ ਹੈ ਕਿ ਇਸ ਦਫਤਰੀ ਹੁਕਮ ਨੂੰ ਪੀ.ਐਸ.ਪੀ.ਸੀ.ਐਲ., ਦੀ ਵੈਬ ਸਾਈਟ ਤੇ ਅੱਪ ਲੋਡ ਕੀਤਾ ਜਾਵੇ।
5) ਸੰਯੁਕਤ ਸਕੱਤਰ ਸੇਵਾਵਾਂ-3, ਪੀ.ਐਸ.ਪੀ.ਸੀ.ਐਲ., ਪਟਿਆਲਾ।
6) ਉਪ ਸਕੱਤਰ/ਗਜ਼ਟੀ-1, ਪੀ.ਐਸ.ਪੀ.ਸੀ.ਐਲ., ਪਟਿਆਲਾ।
7) ਲੇਖਾ ਅਫਸਰ/ਤਨਖਾਹ ਤੇ ਲੇਖਾ, ਪੀ.ਐਸ.ਪੀ.ਸੀ.ਐਲ., ਪਟਿਆਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਦਫਤਰੀ ਹੁਕਮ ਦਾ ਇੰਦਰਾਜ ਅਧਿਕਾਰੀ ਦੀ ਸੇਵਾ ਪੱਤਰੀ ਵਿੱਚ ਕਰਕੇ ਪੰਨਾ ਨੰਬਰ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ ਅਤੇ ਦਫਤਰੀ ਹੁਕਮ ਅਨੁਸਾਰ ਅਧਿਕਾਰੀ ਦੀ ਪੈਨਸ਼ਨ ਵਿੱਚੋ ਬਣਦੀ ਕਟੌਤੀ ਕੀਤੀ ਜਾਵੇ।
8) ਲੇਖਾ ਅਫਸਰ ਪੈਨਸ਼ਨ ਸ਼ਾਖਾ, ਪੀ.ਐਸ.ਪੀ.ਸੀ.ਐਲ., ਪਟਿਆਲਾ।
9) ਏ.ਐਮ.ਐਚ.ਆਰ./ਗਜ਼ਟੀ ਭਾਗ-2, ਪੀ.ਐਸ.ਪੀ.ਸੀ.ਐਲ., ਪਟਿਆਲਾ।
10) ਸ੍ਰੀ ਰਾਮ ਲਾਲ ਚਾਵਲਾ ਅਧੀਨ ਸਕੱਤਰ ਰਿਟਾਇਰਡ ਪੁੱਤਰ ਸ੍ਰੀ ਬੀ.ਆਰ. ਚਾਵਲਾ ਮਕਾਨ ਨੰਬਰ 557 ਗਲੀ ਨੰਬਰ 05 ਤ੍ਰਿਪੁੜੀ ਟਾਊਨ, ਪਟਿਆਲਾ।

ਉਪ ਮੁੱਖ ਇੰਜੀਨੀਅਰ /ਇੰਨਕੁਆਰੀ,
ਪੀ.ਐਸ.ਪੀ.ਸੀ.ਐਲ. ਪਟਿਆਲਾ।